**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ,ਚੰਡੀਗੜ੍ਹ**
**ਐਸ·ਸੀ·ਓ·ਨੰ: 104-106, ਦੂਜੀ ਮੰਜਿਲ, ਸੈਕਟਰ-34 ਏ, ਚੰਡੀਗੜ੍ਹ**
**ਫੋਨ ਨੰ: 0172-5015864, ਫੈਕਸ ਨੰ: 2624687 ਈ-ਮੇਲ : perveshssa@gmail.com**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ)
ਪੰਜਾਬ।

ਮੀਮੋ ਨੰ:ਏ.ਐਸ.ਪੀ.ਡੀ(ਮੀਡੀਆ)/ਐਸ.ਐਸ.ਏ/2013/5109
ਮਿਤੀ,ਚੰਡੀਗੜ੍ਹ: 13.03.2013

**ਵਿਸ਼ਾ: ਚੌਥੀ ਅਤੇ ਪੰਜਵੀਂ ਜਮਾਤ ਦੇ ਬੱਚਿਆਂ ਦੀ ਮਾਰਚ ਮਹੀਨੇ ਹੋਣ ਵਾਲੀ ਪ੍ਰੀਖਿਆ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਆਪ ਜੀ ਨੂੰ ਪਤਾ ਹੈ ਕਿ ਪੰਜਾਬ ਸਰਕਾਰ ਦੁਆਰਾ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਸਿੱਖਿਆ ਦੇ ਗੁਣਾਤਮਕ ਸੁਧਾਰ ਨੂੰ ਮੁੱਖ ਰੱਖਦਿਆਂ ਪ੍ਰਵੇਸ਼ ਪ੍ਰਾਜੈਕਟ ਚਲਾਇਆ ਗਿਆ ਹੈ। ਪ੍ਰਵੇਸ਼ ਪ੍ਰਾਜੈਕਟ ਤਹਿਤ ਬੱਚਿਆਂ ਦੇ ਸਿੱਖਣ ਪੱਧਰਾਂ ਵਿਚ ਹੋਈ ਪ੍ਰਗਤੀ ਨੂੰ ਜਾਂਚਣ ਲਈ ਸਾਲ ਵਿਚ ਤਿੰਨ ਵਾਰ ਜਾਂਚ ਕਰਵਾਈ ਜਾਂਦੀ ਹੈ। ਸਾਲ ਦੇ ਸ਼ੁਰੂ ਵਿਚ ਬੇਸਲਾਈਨ, ਮੱਧ ਵਿਚ ਮਿਡ ਟੈਸਟ ਅਤੇ ਸਾਲ ਦੇ ਅੰਤ ਵਿਚ ਅੰਤਿਮ ਜਾਂਚ ਕਰਵਾਈ ਜਾਂਦੀ ਹੈ।

3.0 ਚੌਥੀ ਅਤੇ ਪੰਜਵੀਂ ਜਮਾਤ ਨੂੰ ਪ੍ਰਵੇਸ਼ ਤਹਿਤ ਪਾਠਕ੍ਰਮ ਨਾਲ ਜੋੜ ਕੇ ਮਾਰਚ ਮਹੀਨੇ ਵਿਚ ਸੰਕਲਿਤ ਮੁਲਾਂਕਣ-2(SA-2) ਵੀ ਕੀਤਾ ਜਾਂਦਾ ਹੈ ਤਾਂ ਕਿ ਇਹ ਜਾਂਚਿਆ ਜਾ ਸਕੇ ਕਿ ਵਿਦਿਆਰਥੀਆਂ ਵੱਲੋਂ ਨਿਰਧਾਰਿਤ ਪਾਠਕ੍ਰਮ ਵਿਚ ਕਿੰਨੀ ਪ੍ਰਗਤੀ ਕੀਤੀ ਗਈ ਹੈ। ਇਸ ਪ੍ਰੀਖਿਆ ਲਈ ਪ੍ਰਸ਼ਨ ਪੱਤਰ ਮੁੱਖ ਦਫ਼ਤਰ ਵੱਲੋਂ ਮੁਹੱਈਆ ਕਰਵਾਏ ਗਏ ਹਨ।

4.0 ਇਹ ਪ੍ਰੀਖਿਆ ਮਿਤੀ 16-03-2013 ਤੋਂ ਮਿਤੀ 22-03-2013 ਤੱਕ ਕਰਵਾਈ ਜਾਣੀ ਹੈ। ਇਸ ਸਬੰਧੀ ਡੇਟ ਸ਼ੀਟ ਆਪ ਨੂੰ ਪਹਿਲਾਂ ਹੀ ਭੇਜੀ ਜਾ ਚੁੱਕੀ ਹੈ।

5.0 ਚੌਥੀ ਅਤੇ ਪੰਜਵੀਂ ਜਮਾਤ ਦੀ ਇਸ ਪ੍ਰੀਖਿਆ ਨੂੰ ਸੁਚਾਰੂ, ਪਾਰਦਰਸ਼ੀ ਅਤੇ ਨਕਲ ਰਹਿਤ ਤਰੀਕੇ ਨਾਲ ਨੇਪਰੇ ਚਾੜ੍ਹਨ ਸਬੰਧੀ ਹੇਠ ਲਿਖੀਆਂ ਹਦਾਇਤਾਂ ਨੂੰ ਧਿਆਨ ਵਿਚ ਰੱਖਿਆ ਜਾਵੇ:

5.1 ਪ੍ਰੀਖਿਆ ਦੌਰਾਨ ਸਕੂਲ ਵਿਚ ਵਿਦਿਆਰਥੀਆਂ ਦੇ ਬੈਠਣ ਅਤੇ ਰੌਸ਼ਨੀ ਆਦਿ ਦਾ ਯੋਗ ਪ੍ਰਬੰਧ ਕੀਤਾ ਜਾਵੇ। ਵਿਦਿਆਰਥੀਆਂ ਦੇ ਬੈਠਣ ਲਈ ਡੈਸਕ ਜਾਂ ਟਾਟ ਪੱਟੀਆਂ ਆਦਿ ਦਾ ਪ੍ਰਬੰਧ ਹੋਣਾ ਚਾਹੀਦਾ ਹੈ। ਵਿਦਿਆਰਥੀਆਂ ਨੂੰ ਬਿਨਾਂ ਡੈਸਕ ਜਾਂ ਟਾਟ ਪੱਟੀਆਂ ਤੋਂ ਬਿਨਾਂ ਨਾ ਬਿਠਾਇਆ ਜਾਵੇ।

5.2 ਜਮਾਤਾਂ ਵਿਚ ਵਿਦਿਆਰਥੀਆਂ ਨੂੰ ਬਿਠਾਉਣ ਸਬੰਧੀ ਯੋਜਨਾਬੰਦੀ ਇਸ ਪ੍ਰਕਾਰ ਕੀਤੀ ਜਾਵੇ ਤਾਂ ਕਿ ਬੱਚੇ ਇਕ ਦੂਜੇ ਦਾ ਪੇਪਰ ਨਾ ਦੇਖ ਸਕਣ।

5.3 ਪ੍ਰੀਖਿਆ ਦੌਰਾਨ ਸਕੂਲ ਮੁਖੀ ਅਤੇ ਡਿਊਟੀ ਦੇਣ ਵਾਲਾ ਅਧਿਆਪਕ ਸਕੂਲ ਵਿਚ ਅਨੁਸ਼ਾਸ਼ਨ ਪ੍ਰਤੀ ਜ਼ਿੰਮੇਵਾਰ ਹੋਣਗੇ।

5.4 ਪ੍ਰੀਖਿਆ ਦੌਰਾਨ ਪ੍ਰਵੇਸ਼ ਟੀਮ ਦੇ ਮੈਂਬਰਾਂ ਦੀ ਡਿਊਟੀ ਵੱਖ-ਵੱਖ ਸਕੂਲ ਵਿਜ਼ਿਟ ਕਰਨ ਲਈ ਲਗਾਈ ਜਾਵੇ ਤਾਂ ਕਿ ਉਹ ਪਾਰਦਰਸ਼ੀ ਮੁਲਾਂਕਣ ਨੂੰ ਯਕੀਨੀ ਬਣਾਉਣ।

5.5 ਜੇਕਰ ਕਿਧਰੇ ਨਕਲ ਜਾਂ ਕਿਸੇ ਹੋਰ ਸਮੱਸਿਆ ਦਾ ਪਤਾ ਲਗਦਾ ਹੈ ਤਾਂ ਪ੍ਰਵੇਸ਼ ਟੀਮ ਦੇ ਮੈਂਬਰ ਤੁਰੰਤ ਇਸ ਸਬੰਧ ਵਿਚ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ) ਨੂੰ ਰਿਪੋਰਟ ਕਰਨਗੇ।

5.6 ਸਕੂਲ ਅਧਿਆਪਕ ਰੋਜ਼ਾਨਾ ਉੱਤਰ ਪੱਤਰੀਆਂ ਦਾ ਮੁਲਾਂਕਣ ਕਰਨਗੇ ਤਾਂ ਕਿ ਸਮੇਂ ਸਿਰ ਨਤੀਜਾ ਤਿਆਰ ਕੀਤਾ ਜਾ ਸਕੇ।

5.7 ਨਤੀਜਾ ਤਿਆਰ ਕਰਨ ਉਪਰੰਤ ਇਸ ਨੂੰ ਸਬੰਧਤ ਰਜਿਸਟਰਾਂ ਆਦਿ ਵਿਚ ਦਰਜ਼ ਕੀਤਾ ਜਾਵੇ।

5.8 ਪ੍ਰੀਖਿਆ ਉਪਰੰਤ ਮਿਤੀ 28-03-2013 ਨੂੰ ਸਕੂਲ ਵਿਚ ਮਾਪੇ ਅਧਿਆਪਕ ਮਿਲਣੀ ਆਯੋਜਿਤ ਕਰਕੇ ਨਤੀਜਾ ਐਲਾਨਿਆ ਜਾਵੇ ਤਾਂ ਕਿ ਵਿਦਿਆਰਥੀਆਂ ਦੇ ਨਾਲ-ਨਾਲ ਮਾਪਿਆਂ ਨੂੰ ਵੀ ਬੱਚਿਆਂ ਦੀ ਪ੍ਰਗਤੀ ਬਾਰੇ ਦੱਸਿਆ ਜਾ ਸਕੇ। ਮਾਪੇ ਅਧਿਆਪਕ ਮਿਲਣੀ ਬਾਰੇ ਮਾਪਿਆਂ ਨੂੰ ਅਗਾਊਂ ਸੂਚਨਾ ਦਿੱਤੀ ਜਾਵੇ ਤਾਂ ਕਿ ਵੱਧ ਤੋਂ ਵੱਧ ਮਾਪੇ ਇਸ ਵਿਚ ਸ਼ਾਮਿਲ ਹੋ ਸਕਣ।

5.9 ਜ਼ਿਲ੍ਹਾ ਰੋਪੜ ਦੇ ਕੇਵਲ ਬਲਾਕ ਅਨੰਦਪੁਰ ਸਾਹਿਬ ਵਿਚ ਹੋਲੇ-ਮਹੱਲੇ ਨੂੰ ਧਿਆਨ ਵਿਚ ਰੱਖਦਿਆਂ ਮਾਪੇ ਅਧਿਆਪਕ ਮਿਲਣੀ ਮਿਤੀ 30-03-2013 ਨੂੰ ਆਯੋਜਿਤ ਕੀਤੀ ਜਾਵੇਗੀ।

6.0 ਉਪਰੋਕਤ ਹੁਕਮਾਂ ਦੀ ਇੰਨ੍ਹ-ਬਿੰਨ੍ਹ ਪਾਲਣਾ ਯਕੀਨੀ ਬਣਾਈ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪਿੱਠ ਅੰਕਣ ਨੰ. ਉਕਤ/** **ਮਿਤੀ:** 13.03.2013

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

(1) ਸਮੂਹ ਪ੍ਰਵੇਸ਼ ਜ਼ਿਲ੍ਹਾ ਕੋਆਰਡੀਨੇਟਰ, ਪੰਜਾਬ।
(2) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
(3) ਸਮੂਹ ਪ੍ਰਵੇਸ਼ ਬਲਾਕ ਕੋਆਰਡੀਨੇਟਰ, ਪੰਜਾਬ।
(4) ਸਮੂਹ ਸਕੂਲ ਮੁਖੀ, ਪੰਜਾਬ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**